ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 03 ਜਨਵਰੀ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸਰਕਾਰੀ ਕਾਲਜ ਮਲੇਰਕੋਟਲਾ ਵੱਲੋਂ ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਵੜੈਚ ਨੂੰ ਸੇਵਾ ਮੁਕਤੀ ਤੇ ਵਿਦਾਇਗੀ ਸਮਾਗਮ

ਵਰਲਡ ਪੰਜਾਬੀ ਟਾਈਮਜ਼

ਮਾਲੇਰਕੋਟਲਾ 3 ਜਨਵਰੀ : ਸਥਾਨਕ ਸਰਕਾਰੀ ਕਾਲਜ ਵੱਲੋਂ ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਬੜੈਚ ਜੋ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ ਦੇ ਨਾਲ-ਨਾਲ ਡੀ.ਡੀ.ਓ ਸਰਕਾਰੀ ਕਾਲਜ ਮਲੇਰਕੋਟਲਾ ਵੀ ਹਨ, ਨੂੰ ਸਮੂਹ ਸਟਾਫ ਸਥਾਨਕ ਸਰਕਾਰੀ ਕਾਲਜ ਵੱਲੋਂ ਉਹਨਾਂ ਦੀ ਸੇਵਾ ਮੁਕਤੀ ਉੱਪਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਸਮਾਗਮ ਵਿੱਚ



ਡਾਕਟਰ ਸਾਹਿਬ ਦੇ ਧਰਮ ਪਤਨੀ ਵੀ ਹਾਜ਼ਰ ਸਨ। ਡਾ. ਬਲਵਿੰਦਰ ਸਿੰਘ ਵੜੈਚ ਦੇ 31 ਸਾਲਾਂ ਦੇ ਸ਼ਾਨਾਮੱਤੇ ਅਤੇ ਸਮਰਪਿਤ ਅਧਿਆਪਨ ਸਫਰ ਨੂੰ ਸਿਜਦਾ ਕਰਨ ਲਈ ਇੱਕ ਬੇਹੱਦ ਪ੍ਰਭਾਵਸ਼ਾਲੀ ਸਮਾਗਮ ਕਾਲਜ ਦੇ ਕਾਰਜਕਾਰੀ ਅਤੇ ਵਾਈਸ ਪ੍ਰਿੰਸੀਪਲ ਪ੍ਰੋ. ਅਰਵਿੰਦ ਕੋਰ ਮੰਡ ਦੀ ਪ੍ਰਧਾਨਗੀ ਹੇਠ ਹੋਇਆ। ਮੈਡਮ ਪ੍ਰੋ. ਅਰਵਿੰਦ ਨੇ ਸਮਾਗਮ ਦੇ ਸ਼ੁਰੂਆਤੀ ਅਤੇ ਸਵਾਗਤੀ ਸੰਬੋਧਨ ਵਿੱਚ ਬੇਹੱਦ ਭਾਵੁਕ ਸ਼ਬਦਾਂ ਨਾਲ ਡਾਕਟਰ ਬਲਵਿੰਦਰ ਸਿੰਘ ਬੜੈਚ ਨਾਲ ਆਪਣੇ ਬਤੌਰ ਵਿਦਿਆਰਥੀ, ਫਿਰ ਸਹਿ ਕਰਮੀ ਵਜੋਂ ਲੰਮੇ ਸਮੇਂ ਦੇ ਰਿਸ਼ਤਿਆਂ ਨੂੰ ਭਾਵਪੂਰਤ ਸ਼ਬਦਾਂ ਨਾਲ ਬਿਆਨ ਕੀਤਾ। ਉਨ੍ਹਾਂ ਨੇ ਡਾ. ਵੜੈਚ ਸਾਹਿਬ ਦੀਆਂ ਅਕਾਦਮਿਕ ਗਤੀਵਿਧੀਆਂ ਦੇ ਨਾਲ -2 ਉਨ੍ਹਾਂ ਦੇ ਸੁਚੱਜੇ ਪ੍ਰਸ਼ਾਸਕੀ ਤਜਰਬੇ ਅਤੇ ਪ੍ਰਬੰਧਕੀ ਹੁਨਰ ਦੀ ਸਮਝ ਅਤੇ ਪਕੜ ਨੇ ਉਹਨਾ ਨੂੰ ਇੱਕ ਮੁੱਲੌਰ ਹੋਏ ਅਧਿਆਪਕ ਦੇ ਨਾਲ -ਨਾਲ ਇੱਕ ਅਗਾਂਹਵਧੂ ਅਤੇ ਸਕਾਰਾਤਮਕ ਸੋਚ ਵਾਲੇ ਮੁੱਖੀ ਦੇ ਤੌਰ ਤੇ ਸਥਾਪਿਤ ਕੀਤਾ । ਉਹਨਾਂ ਦੀ ਅਗਾਵਾਈ ਅਧੀਨ ਨੇ ਨਾ ਕੇਵਲ ਸਰਕਾਰੀ ਕਾਲਜ ਲੜਕੀਆਂ ਬਲਕਿ ਸਰਕਾਰੀ ਕਾਲਜ ਨੇ ਵੀ ਵਿੱਦਿਅਕ, ਸਭਿਆਚਾਰਿਕ ਅਤੇ ਖੇਡਾਂ ਦੇ ਖੇਤਰ ਵਿੱਚ ਜ਼ਿਕਰਯੋਗ ਬੁਲੰਦੀਆਂ ਹਾਸਿਲ ਕੀਤੀਆਂ। ਇਸ ਮੋਕੇ ਮੈਡਮ ਡਾ ਡੇਜ਼ੀ ਜੈਨ ਨੇ ਪਿੰਸੀਪਲ ਸਾਹਿਬ ਦੇ ਕੰਮ ਪ੍ਰਤੀ ਲਗਾਓ ਦੀਗੱਲ ਕਰਦੇ ਹੋਏ ਉਹਨਾਂ ਦੇ ਮਿਹਨਤੀ ਸੁਭਾਅ ਅਤੇ ਆਪਣੇ ਸਟਾਫ਼ ਨੂੰ ਜਿੰਮੇਵਾਰੀਆਂ ਨਿਭਾਉਣ ਲਈ ਸੁਖਾਵੇਂ ਮਾਹੌਲ ਦੀ ਸਿਰਜਣਾ ਕਰਨਾ ਉਹਨਾਂ ਦੇ ਇੱਕ ਕਾਬਿਲ ਮੁੱਖੀ ਹਣ ਦੀ ਗਵਾਹੀ ਭਰਦੇ ਹਨ।ਪ੍ਰੋਫੈਸਰ ਹਰਗੁਰਪ੍ਰਤਾਪ ਸਿੰਘ ਜੀ ਨੇ ਪ੍ਰਿੰਸੀਪਲ ਸਾਹਿਬ ਨਾਲ ਆਪਣੀ ਸਾਂਝ ਦਾ ਉਲੇਖ ਕਰਦੇ ਹੋਏ ਪ੍ਰਿੰਸੀਪਲ ਸਾਹਿਬ ਦੀ ਆਪਣੇ ਵਿਸ਼ੇ ਅਤੇ ਕੰਮ ਦੀ ਪਕੜ ਸਦਕਾ ਕਾਮਯਾਬ ਅਤੇ ਲੋਕ ਪ੍ਰਿਅ ਪ੍ਰਿੰਸੀਪਲ ਹੁੰਦੇ ਹੋਏ ਕੀਤੇ ਕਾਰਜਾਂ ਨੂੰ ਵਰਣਿਤ ਕੀਤਾ।ਪ੍ਰੋਫੈਸਰ ਮੈਡਮ ਮੈਰੀ ਨਿਚਾਲ ਨੇ ਆਪਣੇ ਵਿਦਿਆਰਥੀਅੰਤੇ ਅਧਿਆਪਕ ਜੀਵਨ ਦੀ ਪਿੰਸੀਪਲ ਸਾਹਿਬ ਨਾਲ ਸਾਂਝ ਵਾਰੇ ਬੋਲਦੇ ਹੋਏ ਕਿਹਾ ਕਿ ਉਹਨਾਂ ਨਾਲ ਕਾਰਕ ਕਰਕੇ ਹੋਏ ਮਨ ਉੱਪਰ ਕਿਸੇ ਕਿਸਮ ਦਾ ਕੋਈ ਬੱਝ ਨਹੀਂ ਹੁੰਦਾ। ਪ੍ਰੋਫੈਸਰ ਰੰਜਨਾ ਬਜਾਜ ਨੇ ਪ੍ਰਿੰਸੀਪਲ ਸਾਹਿਬਦੇ ਸੁਹਿਰਦ ਰਵੱਈਏ ਅਤੇ ਹਰ ਕਰਮਚਾਰੀ ਨੂੰ ਭਾਵਨਾਤਮਕ ਟੱਬਰ ਤੱਕ ਸਮਝਣ ਦੀ ਕੀਤੀ। ਪ੍ਰੋ. ਜਗਧੀਰ ਸਿੰਘ ਦੇ ਆਪਣੇ ਵਿਚਾਰਾਂ ਨੂੰ ਕਵਿਤਾ ਰਾਹੀ ਪੇਸ਼ ਕੀਤੇ। ਸ. ਪੁਸ਼ਪਿੰਦਰ ਸਿੰਘ ਜੀ ਨੇ ਕਿਹਾ ਕਿ ਭਾਵੇਂ ਪ੍ਰਿੰਸੀਪਲ ਸਾਹਿਬ ਨਾਲ ਉਹਨਾਂ ਬਹੁਤ ਥੋੜੇ ਸਮੇਂ ਤੋਂ ਹੀ ਕੰਮ ਕਰਨਾ ਸ਼ੁਰੂ ਕੀਤਾ ਹੈ ਪਰ ਪਿੰਸੀਪਲ ਸਾਹਿਬ ਦੀ ਹਰ ਕੰਮ ਦੀ ਸਮਝ ਨੇ ਉਹਨਾਂ ਅੰਦਰ ਵੀ ਨਵੇਂ ਤਜਰਬੇ ਭਰੇ ਹਨ। ਉਹਨਾ ਨੇ ਪ੍ਰਿੰਸੀਪਲ ਸਾਹਿਬ ਨੂੰ ਜ਼ਿੰਦਗੀ ਦੇ ਅਗਲੇ ਪੜਾਅ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਪ੍ਰੋਫੈਸਰ ਰਣਜੀਤ ਸਿੰਘ ਨੇ ਪ੍ਰਿੰਸੀਪਲ ਸਾਹਿਬ ਦੀ ਸਖ਼ਸ਼ੀਅਤ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਉਹ ਇੱਕ ਸੁਲਝੇ ਪ੍ਰਬੰਧਕ ਦੇ ਨਾਲ-ਨਾਲ ਇੱਕ ਨੇਕ ਦਿਲ ਇਨਸਾਨ ਵੀ ਹਨ। ਆਪਣੇ ਨਾਲ ਕਾਰਜ ਕਰਦੀਆਂ ਔਰਤ ਕਰਮਚਾਰੀਆਂ ਲਈ ਸਤਿਕਾਰ ਉਹਨਾਂ ਦੀ ਸਖਸ਼ੀਅਤ ਨੂੰ ਹੋਰ ਵੀ ਚੰਗੇਰਾ ਉਭਾਰਦਾ ਹੈ। ਮੈਡਮ ਓਜ਼ਮਾ ਅਜੀਮ ਨੇ ਇੱਕ ਮੁੱਖੀ ਦੇ ਤੌਰ ਪ੍ਰਿੰਸੀਪਲ ਸਾਹਿਬ ਵੱਲੋਂ ਕੀਤੇ ਕਾਰਜਾਂ ਨੂੰ ਵਰਣਿਤ ਕੀਤਾ। ਸਟੇਜ ਦਾ ਸੰਚਾਲਨ ਪ੍ਰੋ. ਡਾਕਟਰ ਮੁਹੰਮਦ ਅਸ਼ਰਫ ਨੇ ਆਪਣੇ ਸਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਕਾਲਜ ਇਤਿਹਾਸ ਵਿੱਚ ਇਹ ਵਿਦਾਇਗੀ ਸਮਾਗਮ ਇਸ ਲਈ ਯਾਦਗਾਰੀ ਹੋਰ ਨਿਬੜਿਆ ਕਿਉਂਕਿ ਪਹਿਲੀ ਵਾਰ ਬਗੈਰ ਕਿਸੇ ਭੇਦ ਭਾਵ ਤੋਂ ਕਾਲਜ ਦੇ ਸਮੁੱਚੇ ਸਟਾਫ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਸਾਹਿਬ ਦੇ ਨਿੱਜੀ ਅਤੇ ਅਧਿਆਪਨ ਸਫਰ ਨੂੰ ਦਰਸਾਉਂਦੀ ਹੋਈ ਇੱਕ ਦਸਤਾਵੇਜ਼ੀ ਫਿਲਮ ਦੀ ਪੇਸ਼ਕਾਰੀ ਵੀ ਸਟਾਫ ਵੱਲੋਂ ਕੀਤੀ ਗਈ। ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਵੜੈਚ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਉਹ ਪਰਮਾਤਮਾ ਦੇ ਸ਼ੁਕਰਗੁਜ਼ਾਰ ਹਨ ਕਿ ਉਹਨਾਂ ਨੂੰ ਮਿਹਨਤੀ ਸਟਾਫ਼ ਮਿਲਿਆ ਜਿਸਨੇ ਹਮੇਸ਼ਾਂ ਹੀ ਦਿੱਤੇ ਹੋਏ ਕਾਰਜ ਨੂੰ ਆਪਣੀ ਕਾਬਲੀਅਤ ਅਤੇ ਸਮਰੱਥਾ ਮੁਤਾਬਿਕ ਸੰਪੂਰਨ ਕੀਤਾ। ਉਹਨਾਂ ਕਿਹਾ ਕਿ ਉਹਨਾਂ ਨੂੰ ਕਾਮਯਾਬ ਕਰਨ ਵਿੱਚ ਸਟਾਫ ਦੀ ਲਗਨ ਅਤੇ ਮਿਹਨਤ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਉਹਨਾਂ ਕਾਲਜ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਕਾਲਜ ਅਕਾਦਮਿਕ, ਸਹਿ -ਵਿਦਿਅਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਹੋਰ ਨਵੀਆਂ ਪੈੜਾਂ ਕਰੇ। ਸਾਹਿਬ ਦੇ ਧਰਮ ਪਤਨੀ ਸਰਦਾਰਨੀ ਮਲਵਿੰਦਰ ਕੌਰ ਜੀ ਅਤੇ ਪੁੱਤਰੀ ਮਵਨੀਤ ਕੌਰ ਨੇ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਪ੍ਰੋਫੈਸਰ ਸੋਨੀਆ ਨੇ ਆਏ ਮਹਿਮਾਨਾਂ ਅਤੇ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਸਟਾਫ ਵੱਲੋਂ ਡਾਕਟਰ ਸਾਹਿਬ ਨੂੰ ਉਹਨਾਂ ਦੇ 31 ਸਾਲਾਂ ਦੇ ਸ਼ਾਨਾਮੱਤੀ ਅਕਾਦਮੀ ਸਫਰ ਦੌਰਾਨ ਕੀਤੇ ਬੇਮਿਸਾਲ ਕਾਰਜਾਂ ਨੂੰ ਸਿੱਜਦਾ ਕਰਦੇ ਹੋਏ ਪਿਆਰ ਅਤੇ ਸਤਿਕਾਰ ਵਜੋਂ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

## ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਬੱਸ ਸਟੈਂਡ ਮਹਿਲ ਕਲਾਂ ਵਿਖੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ

### ਪ੍ਰਬੰਧਕਾਂ ਵਲੋਂ ਵੱਖ ਵੱਖ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਇਸਰ



ਮਹਿਲ ਕਲਾਂ, 3 ਜਨਵਰੀ : ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਬੱਸ ਸਟੈਂਡ ਮਹਿਲ ਕਲਾਂ (ਬਰਨਾਲਾ) ਵਿਖੇ ਨਵੇਂ ਵਰੇ ਦੀ ਆਮਦ 'ਤੇ ਸਰਬੱਤ ਦੇ ਭਲੇ ਲਈ ਦੁਕਾਨਦਾਰ ਯੂਨੀਅਨ ਵਲੋਂ ਸਮੂਹ ਦੁਕਾਨਦਾਰਾਂ ਦੇ ਸਹਿਯੋਗ ਨਾਲ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਇੰਚਾਰਜ ਬਰਨਾਲਾ ਕੁਲਵੰਤ ਸਿੰਘ ਕੀਤੂ, ਡੀ ਐਸ ਪੀ ਸੁਬੇਗ ਸਿੰਘ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਮਿਲ ਬੈਠਣ, ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣ ਲਈ ਅਹਿਮ ਰੋਲ ਅਦਾ ਕਰਦੇ ਹਨ। ਉਨ੍ਹਾਂ ਸਮੂਹ ਸੰਗਤਾਂ ਨੂੰ ਸਮਾਜਿਕ ਕੁਰੀਤੀਆਂ ਦੇ ਖਾਤਮੇ ਲਈ, ਲੋਕ ਭਲਾਈ ਦੇ ਸਾਂਝੇ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਪ੍ਰਧਾਨ ਗਗਨਦੀਪ ਸਰਾਂ, ਪ੍ਰੇਮ ਕੁਮਾਰ ਪਾਸੀ, ਅਵਤਾਰ ਸਿੰਘ ਬਾਵਾ, ਜਗਦੀਸ਼ ਸਿੰਘ ਪੰਨੂ, ਹਰਦੀਪ ਸਿੰਘ ਬੀਹਲਾ, ਮਨਦੀਪ ਚੀਕੂ, ਰਾਹੁਲ ਕੌਂਸਲ, ਕੁਲਦੀਪ ਸਿੰਘ ਦੀ ਅਗਵਾਈ ਹੇਠ ਸਮੂਹ ਪ੍ਰਬੰਧਕਾਂ ਵਲੋਂ ਵਿਧਾਇਕ ਪੰਡੋਰੀ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਸ ਐਚ ਓ ਜਗਜੀਤ ਸਿੰਘ ਘੁਮਾਣ, ਪੀ ਏ ਪੰਡੋਰੀ ਡਾ: ਲਖਵੀਰ ਸਿੰਘ, ਡਾ: ਮਨਦੀਪ ਕੁਮਾਰ ਸ਼ੈਲੀ, ਜਥੇ: ਅਜਮੇਰ ਸਿੰਘ ਮਹਿਲ ਕਲਾਂ, ਅਜੀਤ ਸਿੰਘ ਕੁਤਬਾ, ਪ੍ਰਧਾਨ ਸ਼ੇਰ ਸਿੰਘ ਖ਼ਾਲਸਾ, ਸਰਬਜੀਤ ਸਿੰਘ ਆੜ੍ਹਤੀਆ, ਐਸ ਡੀ ਓ ਪੁਸ਼ਪਿੰਦਰ ਸਿੰਘ, ਰੂਬਲ ਗਿੱਲ ਮਹਿਲ ਖ਼ੁਰਦ, ਹਰਵਿੰਦਰ ਕੁਮਾਰ ਜਿੰਦਲ, ਮਾ: ਜਗਰਾਜ ਸਿੰਘ ਭੱਠਲ, ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਲਖਵੀਰ ਸਿੰਘ ਛੀਨੀਵਾਲ, ਡਾ: ਅਮਰਜੀਤ ਸਿੰਘ, ਭਾਕਿਯੂ ਡਕੌਂਦਾ ਦੇ ਜਗਰਾਜ ਸਿੰਘ ਹਰਦਾਸਪੁਰਾ, ਜਸਪਾਲ ਸਿੰਘ ਕਲਾਲ ਮਾਜਰਾ, ਰਵਿੰਦਰ ਕੁਮਾਰ ਜਿੰਦਲ, ਪਰਮਜੀਤ ਸਿੰਘ ਜਗਦੇ, ਜਗੀਰ ਸਿੰਘ ਦਿਉਲ, ਕੁਲਜੀਤ ਸਿੰਘ ਵਜੀਦਕੇ, ਗੁਰਪ੍ਰੀਤ ਸਿੰਘ ਅਣਖੀ, ਬੂਟਾ ਸਿੰਘ ਖ਼ਾਲਸਾ, ਗੁਰਦੀਪ ਸਿੰਘ ਟਿਵਾਣਾ, ਹਰੀ ਸਿੰਘ ਕਟੈਹਰੀਆ, ਡਾ: ਪਰਮਿੰਦਰ ਸਿੰਘ, ਰਵਿੰਦਰ ਕੌਂਸਲ, ਸਤੀਸ਼ ਕੁਮਾਰ ਬਾਂਸਲ, ਮੰਗਤ ਸਿੰਘ ਸਿੱਧੂ, ਵਿਜੇ ਕੁਮਾਰ ਬਾਂਸਲ, ਜਗਦੀਪ ਸਿੰਘ ਮਠਾੜੂ, ਹਨੀ ਪਾਸੀ, ਗੁਰਦੇਵ ਸਿੰਘ ਰਾਹਲ, ਭਿੰਦਰ ਸਿੰਘ ਮੂੰਮ, ਕਮਲ ਵਿਰਕ, ਭਾਈ ਨੱਥਾ ਸਿੰਘ, ਮਨਜੀਤ ਸਿੰਘ ਸਹਿਜੜਾ, ਜਗਦੇਵ ਸਿੰਘ ਮਾਨ, ਬੰਤ ਸਿੰਘ ਕੁਤਬਾ, ਪਰਮਿੰਦਰ ਸਿੰਘ ਮਠਾੜੂ, ਕਰਨੈਲ ਸਿੰਘ ਢੈਪਈ, ਰਣਜੀਤ ਸਿੰਘ ਬਿੱਟੂ, ਸਿਕੰਦਰ ਸਿੰਘ ਮਹਿਲ ਖੁਰਦ, ਅਜਮੇਰ ਸਿੰਘ ਭੱਠਲ, ਗੁਰਜੀਤ ਸਿੰਘ ਧਾਲੀਵਾਲ, ਇੰਦਰ ਅਰੋੜਾ, ਗਿੰਦਰ ਸਿੰਘ ਰਾਜਾ, ਨਰਿੰਦਰ ਸ਼ਰਮਾ, ਜਰਨੈਲ ਸਿੰਘ ਜਗਦੇ ਆਦਿ ਹਾਜ਼ਰ ਸਨ।

## ਬਿਸਮਿਲ ਫਰੀਦਕੋਟੀ ਯਾਦਗਾਰੀ ਸਮਾਗਮ 2 ਫਰਵਰੀ 2025 ਨੂੰ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 3 ਜਨਵਰੀ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਬਿਸਮਿਲ ਫਰੀਦਕੋਟੀ ਯਾਦਗਾਰੀ ਕਮੇਟੀ ਫਰੀਦਕੋਟ ਦੀ ਮੀਟਿੰਗ ਪ੍ਰਸਿੱਧ ਪੰਜਾਬੀ ਕਵੀ ਨਵਰਾਹੀ ਘੁਗਿਆਣਵੀ ਜੀ ਦੇ ਗ੍ਰਹਿ ਨਹਿਰ ਨਜ਼ਾਰਾ ਫਰੀਦਕੋਟ ਵਿਖੇ ਪ੍ਰਿੰਸੀਪਲ ਕ੍ਰਿਸ਼ਨ ਕੁਮਾਰ ਬਕੋਲੀਆ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਿਸਮਿਲ ਫਰੀਦਕੋਟੀ ਯਾਦਗਾਰੀ ਕਮੇਟੀ ਦੇ ਮੈਂਬਰ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ , ਕੇਂਦਰੀ ਲਿਖਾਰੀ ਸਭਾ ਸੇਖੋਂ ਪੰਜਾਬ ਦੇ ਮੀਤ ਪ੍ਰਧਾਨ ਤੇ ਪ੍ਰਸਿੱਧ ਕਵੀ ਤੇ ਗਾਇਕ ਇਕਬਾਲ ਘਾਰੂ, ਇੰਜੀਨੀਅਰ ਦਰਸ਼ਨ ਰੋਮਾਣਾ, ਇੰਜੀਨੀਅਰ ਲਾਲ ਸਿੰਘ ਕਲਸੀ, ਵਤਨਵੀਰ ਜ਼ਖਮੀ, ਹਰਦੀਪ ਸਿੰਘ ਕਲਸੀ, ਆਦਿ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਕਮੇਟੀ ਮੈਂਬਰਾਂ ਨੇ 2 ਫਰਵਰੀ 2025 ਨੂੰ ਕਰਵਾਏ ਜਾਣ ਵਾਲੇ ਬਿਸਮਿਲ ਫਰੀਦਕੋਟੀ ਯਾਦਗਾਰੀ ਸਮਾਗਮ ਦੀ ਰੂਪ ਰੇਖਾ ਉਲੀਕੀ। ਇਹ ਸਮਾਗਮ ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਸਾਹਮਣੇ ਢਿੱਲੋਂ ਪੈਟਰੋਲ ਪੰਪ ਫਰੀਦਕੋਟ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਕਵੀ ਤੇ ਬੁਲਾਰਾ ਹਰਮੀਤ ਵਿਦਿਆਰਥੀ ( ਫਿਰੋਜਪੁਰ) ਕਰਨਗੇ। ਸਮਾਗਮ ਦੇ ਮੁੱਖ ਮਹਿਮਾਨ ਐਡਵੋਕੇਟ ਸਿਮਰਜੀਤ ਸਿੰਘ ਚੇਅਰਮੈਨ ਬਾਬਾ ਫਰੀਦ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਹੋਣਗੇ। ਵਿਸ਼ੇਸ਼ ਮਹਿਮਾਨ ਪ੍ਰਸਿੱਧ ਕਵੀ ਪਵਨ ਹਰਚੰਦਪੁਰੀ ( ਧੂਰੀ) ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਪੰਜਾਬ ਹੋਣਗੇ। ਉਪਰੰਤ ਉੱਘੇ ਵਿਦਵਾਨ ਕ੍ਰਿਸ਼ਨ ਸਿੰਘ ਸਾਬਕਾ ਪ੍ਰਿੰਸੀਪਲ ਪੰਡਿਤ ਚੇਤਨ ਦੇਵ ਸਰਕਾਰੀ ਬੀ. ਐੱਡ ਕਾਲਜ ਫਰੀਦਕੋਟ ਹਾਜ਼ਰ ਹੋ ਕੇ ਇਸ ਸਮਾਗਮ ਦੀ ਸ਼ੋਭਾ ਵਧਾਉਣਗੇ। ਦੂਰੋਂ ਨੇੜਿਓਂ ਦੀਆਂ ਸਾਹਿਤਕ ਸਭਾਵਾਂ ਦੇ ਨਾਮਵਰ ਕਵੀ ਆਪਣੀਆਂ ਰਚਨਾਵਾਂ ਸੁਣਾ ਕੇ ਸਭਾ ਨਾਲ ਆਪਣੀ ਕਲਮੀ ਸਾਂਝ ਪਾਉਣਗੇ। ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਆਪਣਾ ਕੁੰਜੀਵਤ ਭਾਸ਼ਣ ਦੇ ਕੇ ਆਪਣੀ ਵਿਦਵਿਦਾ ਦਾ ਇਜ਼ਹਾਰ ਕਰਨਗੇ। ਸੋ ਇਸ ਸਮਾਗਮ ਦੀ ਕਾਮਯਾਬੀ ਲਈ ਸਭਾ ਦੇ ਸਮੂਹ ਮੈਬਰਾਨ ਨੂੰ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ ਵੱਲੋਂ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਗਈਆਂ ਹਨ। ਸਭਾ ਦੀ ਮਾਸਿਕ ਇਕੱਤਰਤਾ ਮਿਤੀ 5 ਜਨਵਰੀ 2025 ਨੂੰ ਸਵੇਰੇ 11 ਵਜੇ ਪੈਨਸ਼ਨਰਜ ਭਵਨ ਫਰੀਦਕੋਟ ਵਿਖੇ ਹੋਵੇਗੀ। ਸਮੂਹ ਮੈਂਬਰਾਂ ਨੂੰ ਬੇਨਤੀ ਹੈ ਕਿ ਸਾਰੇ ਮੈਂਬਰ ਸਮੇਂ ਸਿਰ ਇਸ ਮੀਟਿੰਗ ਵਿੱਚ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਲਗਾਉਣ।

## ਡਾ. ਤੇਜਵੰਤ ਮਾਨ ਅਸਲੀ ਬੁੱਧੀਜੀਵੀ ਅਤੇ ਸਮਰਪਿਤ ਵਿਦਵਾਨ

ਵਰਲਡ ਪੰਜਾਬੀ ਟਾਈਮਜ਼
ਡਾ. ਭਗਵੰਤ ਸਿੰਘ

ਸੰਗਰੂਰ 3 ਜਨਵਰੀ : ਪੰਜਾਬੀ ਦੇ ਦਾਰਸ਼ਨਿਕ ਵਿਦਵਾਨ, ਉਤਕ੍ਰਿਸ਼ਟ ਚਿੰਤਕ, ਸਾਹਿਤ ਰਤਨ ਡਾ. ਤੇਜਵੰਤ ਮਾਨ ਦਾ 82ਵਾਂ ਜਨਮ ਦਿਨ ਪੰਜਾਬੀ ਸਾਹਿਤ ਸਭਾ ਸੰਗਰੂਰ ਅਤੇ ਜ਼ਿਲਾ ਭਾਸ਼ਾ ਦਫਤਰ ਸੰਗਰੂਰ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਡੀ.ਸੀ. ਦਫਤਰ ਦੇ ਕਮੇਟੀ ਰੂਮ ਵਿਖੇ ਇੱਕ ਗੰਭੀਰ ਸੰਵਾਦ ਰਚਾ ਕੇ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਪਵਨ ਹਰਚੰਦਪੁਰੀ, ਡਾ. ਭਗਵੰਤ ਸਿੰਘ, ਡਾ. ਰਣਜੋਧ ਸਿੰਘ ਸ਼ਾਮਲ ਹੋਏ। ਡਾ. ਸਵਰਾਜ ਨੇ ਬੋਲਦੇ ਹੋਏ ਕਿਹਾ ਕਿ, "ਅੱਜ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਹੈ ਕਿ ਸਾਡੇ ਜ਼ਿਆਦਾਤਰ ਬੁੱਧਜੀਵੀ ਨਕਲੀ ਜਾਂ ਅਖੌਤੀ ਹੀ ਕਹੇ ਜਾ ਸਕਦੇ ਹਨ। ਅੱਜ ਪੰਜਾਬ ਬੌਧਿਕ ਅਗਵਾਈ ਤੋਂ ਵਾਂਝਾ ਹੈ ਅਤੇ ਬੌਧਿਕ ਕੰਗਾਲੀ ਦੀ ਸਥਿਤੀ ਵਿੱਚ ਹੈ। ਪੰਜਾਬ ਦੇ ਬੁੱਧੀਜੀਵੀ ਜਿਆਦਾਤਰ ਦੋ ਧਿਰਾਂ ਵਿੱਚ ਵੰਡੇ ਹੋਏ ਹਨ। ਸਿੱਖ ਅਤੇ ਮਾਕਰਸਵਾਦੀ ਧਿਰ, ਇਹ ਦੋਨੋ ਇੱਕ ਦੂਜੇ ਨੂੰ ਬੇਅਸਰ ਕਰ ਰਹੇ ਹਨ। ਪ੍ਰੰਤੂ




ਦੋਨੋਂ ਹੀ ਆਰਥਿਕਵਾਦ ਦਾ ਸ਼ਿਕਾਰ ਹਨ। ਆਰਥਿਕਵਾਦ ਤੋਂ ਪ੍ਰਭਾਵਿਤ ਹੋ ਕੇ ਜ਼ਿਆਦਾਤਰ ਮਾਰਕਸਵਾਦੀ ਹਰੇ ਇਨਕਲਾਬ ਅਤੇ ਪ੍ਰਵਾਸ ਬਾਰੇ ਸਹੀ ਸਟੈਂਡ ਨਹੀਂ ਲੈ ਸਕੇ। ਉਹ ਜ਼ਿਆਦਾਤਰ ਸਾਮਰਾਜੀ ਰਚੇ ਇਨਕਲਾਬ ਅਤੇ ਸਾਮਰਾਜੀ ਪ੍ਰਵਾਸ ਦੇ ਹੱਕ ਵਿੱਚ ਭੁਗਤੇ ਹਨ, ਜ਼ਿਆਦਾਤਰ ਮਾਰਕਸਵਾਦੀਆਂ ਨੇ ਧਰਮ ਵਿਰੁੱਧ ਅਤੇ ਨਾਸਤਿਕਤਾ ਦੇ ਹੱਕ ਵਿੱਚ ਸਟੈਂਡ ਲਿਆ ਹੈ । ਡਾ. ਤੇਜਵੰਤ ਮਾਨ ਨੇ ਜਮੂਦੀ ਮਾਰਕਸਵਾਦ ਤੋਂ ਪਰ੍ਹੇ ਹਟ ਕੇ ਆਪਣੇ ਸੱਭਿਆਚਾਰ ਅਤੇ ਵਿਰਾਸਤ ਤੋਂ ਹਾਂ ਪੱਖੀ ਅੰਸ਼ ਅਪਣਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ 'ਸ਼੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਅੰਕਿਤ ਇੱਕ ਸਭਿਅਕ ਅਤੇ ਚੇਤੰਨ ਮਨੁੱਖ ਦੇ ਸੰਕਲਪ ਦੀ ਪ੍ਰੋੜਤਾ ਕੀਤੀ ਹੈ। ਉਨ੍ਹਾਂ ਨੇ ਨਿਰਪੇਖਵਾਦ ਦੀ ਥਾਂ ਤੇ ਸਾਪੇਖਵਾਦ ਨੂੰ ਪ੍ਰੋਤਸਾਹਿਤ ਕੀਤਾ ਹੈ। ਉਨ੍ਹਾਂ ਨੇ ਸਰਮਾਏਦਾਰੀ ਦੇ ਪੈਦਾਵਾਰਿਕ ਮਨੁੱਖ ਦੀ ਥਾਂ ਤੇ ਇੱਕ ਸਿਰਜਣਾਤਮਿਕ ਮਨੁੱਖ ਦੇ ਸੰਕਲਪ ਨੂੰ ਉਭਾਰਿਆ ਹੈ। ਡਾ. ਤੇਜਵੰਤ ਮਾਨ ਅਸਲੀ ਬੁੱਧੀਜੀਵੀ ਅਤੇ ਸਮਰਪਿਤ ਵਿਦਵਾਨ ਹਨ ।" ਡਾ. ਭਗਵੰਤ ਸਿੰਘ ਨੇ ਕਿਹਾ ਕਿ ਡਾ. ਤੇਜਵੰਤ ਮਾਨ ਨੇ ਮਾਂ ਬੋਲੀ ਪੰਜਾਬੀ ਅਤੇ ਸੱਭਿਆਚਾਰ ਦੀ ਰਾਖੀ ਲਈ ਪੂਰੀ ਤਰ੍ਹਾਂ ਦ੍ਰਿੜਤਾ ਨਾਲ ਪਹਿਰਾ ਦਿੱਤਾ ਹੈ। ਉਨ੍ਹਾਂ ਨੇ ਦਾਰਸ਼ਨਿਕ ਪੰਜਾਬੀ ਆਲੋਚਨਾ ਦਾ ਆਰੰਭ ਕੀਤਾ ਹੈ। ਪਵਨ ਹਰਚੰਦਪੁਰੀ ਨੇ ਵਿਸ਼ਵੀਕਰਨ ਦੇ ਸੰਦਰਭ ਵਿੱਚ ਸਾਮਰਾਜੀ ਸ਼ਕਤੀਆਂ ਦੇ ਸਾਡੇ ਸਾਹਿਤ ਤੇ ਸੱਭਿਆਚਾਰ ਹਮਲਿਆਂ ਬਾਰੇ ਗੱਲ ਕੀਤੀ ਅਤੇ ਡਾ. ਮਾਨ ਨੂੰ ਸੱਚ ਦਾ ਪਹਿਰੇਦਾਰ ਕਿਹਾ। ਇਸ ਸਮੇਂ ਡਾ. ਇਕਬਾਲ ਸਿੰਘ, ਅਮਰ ਗਰਗ ਕਲਮਦਾਨ, ਬਲਰਾਜ ਬਾਜੀ, ਪ੍ਰਿੰ. ਪ੍ਰੇਮ ਲਤਾ, ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਨਿਹਾਲ ਸਿੰਘ ਮਾਨ, ਸੁਰਿੰਦਪਾਲ ਸਿੰਘ ਸਿਦਕੀ, ਕਰਨੈਲ ਸਿੰਘ, ਅਨੋਖ ਸਿੰਘ ਵਿਰਕ, ਗੁਰਜਿੰਦਰ ਸਿੰਘ ਰਸੀਆ, ਸੁਰਿੰਦਰਪਾਲ ਕੌਰ, ਡਾ. ਰਾਜੀਵ ਪੁਰੀ, ਸੁਰਿੰਦਰ ਸ਼ਰਮਾ ਨਾਗਰਾ, ਦਰਸ਼ਨ ਸਿੰਘ ਗੁਰੂ, ਤਰਲੋਚਨ ਸਿੰਘ, ਜੰਗ ਸਿੰਘ ਫੱਟੜ, ਮੀਤ ਸਕਰੌਦੀ, ਗੁਲਜ਼ਾਰ ਸਿੰਘ ਸ਼ੌਂਕੀ, ਰਣਜੋਧ ਸਿੰਘ ਧਨੇਠਾ, ਹਰਪ੍ਰੀਤ ਕੌਰ, ਮਨਪ੍ਰੀਤ ਮੈਂਡੀ, ਜਗਦੇਵ ਸਿੰਘ ਨੇ ਵਿਚਾਰ ਚਰਚਾ ਵਿੱਚ ਭਾਗ ਲਿਆ। ਡਾ. ਤੇਜਵੰਤ ਮਾਨ ਨੇ ਕਿਹਾ ਕਿ ਅੱਜ ਦੀ ਸਭਾ ਵਿੱਚ ਅਜਿਹੀ ਉਸਾਰੂ ਚਰਚਾ ਹੋਈ ਹੈ। ਜਿਸ ਵਿੱਚ ਕੌਮੀ ਤੇ ਕੌਮਾਂਤਰੀ ਸੰਦਰਭਾਂ ਨੂੰ ਵਿਚਾਰਿਆ ਗਿਆ। ਉਨ੍ਹਾਂ ਕਿਹਾ ਕਿ ਸਾਮਰਾਜਵਾਦ ਦੀ ਕੋਈ ਫਿਲਾਸਫੀ ਨਹੀਂ ਹੈ। ਜੇਕਰ ਤੁਹਾਡੀ ਮਾਨਵਤਾ ਵਧਣੀ ਹੈ, ਉਹ ਤੁਹਾਡੀ ਦਾਰਸ਼ਨਿਕਤਾ ਦੇ ਆਧਾਰ ਤੇ ਹੀ ਵਧੇਗੀ। ਉਨ੍ਹਾਂ ਨੇ ਸਾਹਿਤ ਸਭਾ ਅਤੇ ਜ਼ਿਲਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਜੈਪੁਰ ਤੋਂ ਗਤਕੇ 'ਚ ਗੋਲਡ ਮੈਡਲ ਜਿੱਤ ਕੇ ਆਈਆਂ ਲੜਕੀਆਂ ਦਾ ਕੋਟਕਪੂਰਾ ਵਿਖੇ ਹੋਇਆ ਸ਼ਾਨਦਾਰ ਸੁਆਗਤ

### ਇਤਿਹਾਸਕ ਗੁਰਦਵਾਰਾ ਸਾਹਿਬ ਵਿਖੇ ਮੱਥਾ ਟੇਕ ਕੇ ਵਾਹਿਗੁਰੂ ਜੀ ਦਾ ਕੀਤਾ ਸ਼ੁਕਰਾਨਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 3 ਜਨਵਰੀ : ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਕੈਡਮੀ ਕੋਟਕਪੂਰਾ ਦੀਆਂ ਗੋਲਡ ਮੈਡਲ ਜਿੱਤਣ ਵਾਲੀਆਂ ਬੱਚੀਆਂ ਦਾ ਸ਼ਹਿਰ ਵਿੱਚ ਇਕ ਜੀਪ ਉੱਪਰ ਸਵਾਰ ਕਰਕੇ ਸ਼ਾਨਦਾਰ ਸੁਆਗਤ ਕੀਤਾ ਗਿਆ। ਅਕੈਡਮੀ ਦੇ ਸੰਸਥਾਪਕ ਅਤੇ ਜਿਲਾ ਗਤਕਾ ਕੋਚ ਭਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਕਤ ਬੱਚੀਆਂ ਨੇ ਇਤਿਹਾਸਕ ਗੁਰਦਵਾਰਾ ਸਾਹਿਬ ਪਾਤਸ਼ਾਹੀ ਦਸਵੀਂ ਛਾਉਣੀ ਨਿਹੰਗ ਸਿੰਘਾਂ ਜੈਤੋ ਰੋਡ ਕੋਟਕਪੂਰਾ ਵਿਖੇ ਮੱਥਾ ਟੇਕ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਵੀ ਕੀਤਾ। ਉਕਤ ਕਾਫਲੇ ਦੀ ਅਗਵਾਈ ਕਰ ਰਹੇ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਮੁਤਾਬਿਕ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਚੈਂਪੀਅਨਸ਼ਿਪ, ਸੁਰੇਸ਼ ਗਿਆਨ ਵਿਹਾਰ ਯੂਨੀਵਰਸਿਟੀ ਜੈਪੁਰ (ਰਾਜਸਥਾਨ) ਵਿਖੇ



ਅਰਸ਼ਦੀਪ ਕੌਰ ਬਾਜਾਖਾਨਾ, ਖੁਸ਼ਪ੍ਰੀਤ ਕੌਰ ਕੋਟਕਪੂਰਾ ਅਤੇ ਅਰਸ਼ਦੀਪ ਕੌਰ ਕੋਟਕਪੂਰਾ ਨੇ ਗੁਰੂ ਕਾਂਸ਼ੀ ਯੂਨੀਵਰਸਿਟੀ ਦੇ ਗਤਕਾ ਕੋਚ ਹਰਜਿੰਦਰ ਸਿੰਘ ਕਿਲੀ ਦੀ ਅਗਵਾਈ ਹੇਠ ਉਕਤ ਸਫਲਤਾ ਪ੍ਰਾਪਤ ਕੀਤੀ। ਜਿਲਾ ਗਤਕਾ ਕੋਚ ਭਾਈ ਗੁਰਪ੍ਰੀਤ ਸਿੰਘ ਖਾਲਸਾ ਨੇ ਆਖਿਆ ਕਿ ਗਤਕਾ ਮੁਕਾਬਲਿਆਂ ਵਿੱਚ ਅਨੇਕਾਂ ਗੋਲਡ ਮੈਡਲ ਜਿੱਤਣ ਵਾਲੀਆਂ ਇਹਨਾ ਬੱਚੀਆਂ ਦੀ ਸਫਲਤਾ ਦਾ ਸਿਹਰਾ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਜਾਂਦਾ ਹੈ, ਕਿਉਂਕਿ ਪਹਿਲਾਂ ਗੋਲਡ ਮੈਡਲ ਹਾਸਲ ਕਰਨ ਵਾਲੀਆਂ ਬੱਚੀਆਂ ਨੂੰ ਸਪੀਕਰ ਸੰਧਵਾਂ ਵਲੋਂ 51-51 ਹਜਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ, ਜਿਸ ਕਰਕੇ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਕੈਡਮੀ ਦੀਆਂ ਬੱਚੀਆਂ ਅਤੇ ਨੌਜਵਾਨਾ ਵਿੱਚ ਉਤਸ਼ਾਹ ਪੈਦਾ ਹੋਣਾ ਸੁਭਾਵਿਕ ਹੈ। ਗੁਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਕਿ ਸਪੀਕਰ ਸੰਧਵਾਂ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਐਨਾ ਮਾਣ ਸਤਿਕਾਰ ਨਹੀਂ ਦਿੱਤਾ, ਜਿੰਨਾ ਇਸ ਸਰਕਾਰ ਵਲੋਂ ਮਿਲਿਆ ਹੈ। ਇਸ ਮੌਕੇ 'ਆਪ' ਦੇ ਬਲਾਕ ਪ੍ਰਧਾਨ ਮੇਹਰ ਸਿੰਘ ਚੰਨੀ ਸਮੇਤ ਹੋਰ ਵੀ ਪਤਵੰਤੇ ਹਾਜਰ ਸਨ।